# ANGEL'S PUBLIC SCHOOL

Strive for Perfection

**SAMPLE PAPER**
**FINAL EXAMINATION SESSION 2020 – 21**
**CLASS – XII SUBJECT : PUNJABI**

**TIME : 3 HOURS** **M.M = 80**

## ਆਮ ਨਿਰਦੇਸ਼ —

**ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਸਾਵਧਾਨੀ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ —**

* ਇਸ ਪ੍ਰਸ਼ਨ ਪੱਤਰ ਵਿੱਚ **ਦੋ ਭਾਗ** ਹਨ — ਭਾਗ **ੳ** ਅਤੇ ਭਾਗ **ਅ**
* ਭਾਗ **ੳ** ਵਿੱਚ *(ਅਬਜੈਕਟਿਵ)* **ਬਹੁਵਿਕਲਪੀ** ਪ੍ਰਸ਼ਨ ਪੁੱਛੇ ਗਏ ਹਨ।
* ਭਾਗ **ਅ** ਵਿੱਚ **ਵਰਣਾਨਤਮਕ** ਪ੍ਰਸ਼ਨ ਪੁੱਛੇ ਗਏ ਹਨ।

## ਭਾਗ - ੳ

**1.** ਹੇਠ ਲਿਖਿਆ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ– **(1x5=5)**

ਮਿੱਠਾ ਬੋਲਣਾ ਦੂਜੇ ਨੂੰ ਵੱਸ ਕਰਨ ਦੇ ਮੰਤਰ ਦੀ ਤਰ੍ਹਾਂ ਹੈ, ਜਿਹੜਾ ਸਾਹਮਣੇ ਵਾਲੇ ਨੂੰ ਸਹਿਜੇ ਹੀ ਵੱਸ ਵਿਚ ਕਰ ਲੈਂਦਾ ਹੈ। ਕੌੜੇ ਬੋਲ ਤਾਂ ਅੰਦਰ ਤੱਕ ਖੁੱਭ ਜਾਂਦੇ ਹਨ। ਤਲਵਾਰ ਦਾ ਘਾਓ ਤਾਂ ਇਕ ਵਾਰੀ ਭਰ ਸਕਦਾ ਹੈ, ਪਰ ਕੌੜੇ ਬੋਲਾਂ ਦਾ ਨਹੀਂ। ਸ਼ਬਦਾਂ ਦੇ ਤੀਰ ਪਰਤ ਕੇ ਵਾਪਸ ਨਹੀਂ ਆਉਂਦੇ। ਉਨ੍ਹਾਂ ਦਾ ਪ੍ਰਭਾਵ ਜ਼ਰੂਰ ਪੈਂਦਾ ਹੀ ਹੈ। ਇਸ ਲਈ ਮਨੁੱਖ ਨੂੰ ਜਤਨਾਂ ਨਾਲ ਮਿੱਠੇ ਬੋਲ ਹੀ ਬੋਲਣੇ ਚਾਹੀਦੇ ਹਨ। ਮਿੱਠੇ ਬੋਲ ਤਾਂ ਦਵਾਈ ਦੀ ਤਰ੍ਹਾਂ ਹੁੰਦੇ ਹਨ, ਜਿਹੜੇ ਮਨੁੱਖ ਦੇ ਮਨ ਉੱਤੇ ਮੱਲ੍ਹਮ ਦਾ ਕੰਮ ਕਰਦੇ ਹਨ। ਕੌੜੇ ਬੋਲ ਬੋਲਣ ਵਾਲਾ ਮਨੁੱਖ ਹਮੇਸ਼ਾ ਨਿੰਦਿਆ ਦਾ ਪਾਤਰ ਹੀ ਬਣਦਾ ਹੈ। ਉਸ ਵਿਚ ਗੁੱਸਾ, ਦੁਸ਼ਮਣੀ ਆਦਿ ਵਰਗੇ ਭਾਵਾਂ ਦਾ ਵਿਕਾਸ ਹੁੰਦਾ ਹੈ। ਕੋਈ ਉਸ ਦਾ ਮਿੱਤਰ ਨਹੀਂ ਬਣਦਾ, ਉਹ ਇਕੱਲਾ ਹੀ ਰਹਿ ਜਾਂਦਾ ਹੈ, ਜਦੋਂ ਕਿ ਮਿੱਠੇ ਬੋਲ ਬੋਲਣ ਵਾਲਾ ਮਨੁੱਖ ਸਾਰੀਆਂ ਥਾਵਾਂ 'ਤੇ ਮਾਨ-ਸਨਮਾਨ ਹੀ ਪ੍ਰਾਪਤ ਕਰਦਾ ਹੈ। ਉਸ ਦੇ ਅੰਦਰ ਨਿਮਰਤਾ, ਨੈਤਿਕਤਾ ਅਤੇ ਮਦਦ ਵਰਗੇ ਗੁਣਾਂ ਦਾ ਆਪਣੇ ਆਪ ਹੀ ਵਿਕਾਸ ਹੁੰਦਾ ਰਹਿੰਦਾ ਹੈ। ਮਿੱਠੇ ਬੋਲ ਹੀ ਪਰਿਵਾਰ ਅਤੇ ਸਮਾਜ ਵਿਚ ਸੁਖ-ਸ਼ਾਂਤੀ ਦਾ ਅਧਾਰ ਹੁੰਦੇ ਹਨ। (2013)

[1] ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਕੀ ਹੋ ਸਕਦਾ ਹੈ ?

(ੳ) ਮਾਨ-ਸਨਮਾਨ ☐ (ਅ) ਮਿੱਠੇ ਅਤੇ ਕੌੜੇ ਬੋਲ ☐

(ੲ) ਵਿਕਾਸ ☐ (ਸ) ਨੈਤਿਕਤਾ ☐

[2] ਕਿਹੜੀ ਚੀਜ਼ ਦਵਾਈ ਦੀ ਤਰ੍ਹਾਂ ਕੰਮ ਕਰਦੀ ਹੈ ?

(ੳ) ਗੁੱਸਾ ☐ (ਅ) ਪਿਆਰ ☐

(ੲ) ਮਿੱਠੇ ਬੋਲ ☐ (ਸ) ਕੌੜੇ ਬੋਲ ☐

[3] ਕੀ ਪਰਤ ਕੇ ਨਹੀਂ ਆਉਂਦਾ, ਪਰ ਉਸ ਦਾ ਪ੍ਰਭਾਵ ਜ਼ਰੂਰ ਪੈਂਦਾ ਹੈ ?

(ੳ) ਸਮਾਂ ☐ (ਅ) ਮਨੁੱਖ ਦਾ ਮਨ ☐

(ੲ) ਸ਼ਬਦਾਂ ਦੇ ਤੀਰ ☐ (ਸ) ਦੁਸ਼ਮਣੀ ☐

**4** ਕਿਸ ਤਰ੍ਹਾਂ ਦੇ ਬੋਲ ਬੋਲਣ ਵਾਲਾ ਵਿਅਕਤੀ ਨਿੰਦਿਆ ਦਾ ਪਾਤਰ ਬਣਦਾ ਹੈ ?

(ੳ) ਪਿਆਰੇ ☐ (ਅ) ਕੂੜ ☐

(ੲ) ਕੌੜੇ ☐ (ਸ) ਮਿੱਠੇ ☐

**5** ਮਿੱਠੇ ਬੋਲ ਬੋਲਣ ਵਾਲੇ ਮਨੁੱਖ ਅੰਦਰ ਕਿਹੜੇ ਗੁਣਾਂ ਦਾ ਵਿਕਾਸ ਹੁੰਦਾ ਹੈ ?

(ੳ) ਮਦਦ, ਨੈਤਿਕਤਾ, ਗੁੱਸਾ ☐ (ਅ) ਕੁੜੱਤਣ, ਅਨੈਤਿਕਤਾ, ਮਦਦ ☐

(ੲ) ਦੁਸ਼ਮਣੀ, ਵੈਰ, ਵਿਰੋਧ ☐ (ਸ) ਨਿਮਰਤਾ, ਨੈਤਿਕਤਾ, ਮਦਦ ☐

**ਜਾਂ**

ਮਹਾਤਮਾ ਬੁੱਧ ਨਾਲ ਸਬੰਧਤ ਇਕ ਕਥਾ ਹੈ। ਇਕ ਵਾਰੀ ਸਤਿਸੰਗ ਵਿਚ ਬੁੱਧ ਦਾ ਇਕ ਸ਼ਰਧਾਲੂ ਗਾਲ੍ਹਾਂ ਕੱਢ ਕੇ ਦੌੜ ਗਿਆ। ਕੁਝ ਅਰਸੇ ਮਗਰੋਂ ਉਹ ਮੁੜ ਆਇਆ ਤਾਂ ਸਾਰਿਆਂ ਨੇ ਉਸ ਨੂੰ ਫੜ ਲਿਆ। ਬੁੱਧ ਨੇ ਕਿਹਾ ਛੱਡ ਦਿਓ। ਛੱਡਣ ਉੱਤੇ ਸ਼ਰਧਾਲੂ ਨੇ ਪੁੱਛਿਆ, "ਬੁੱਧ ਨੇ ਮੇਰੀਆਂ ਗਾਲ੍ਹਾਂ ਵਾਲੇ ਦਿਨ ਕੀ ਪ੍ਰਵਚਨ ਕੀਤਾ ਸੀ ?" ਕਿਸੇ ਨੂੰ ਯਾਦ ਨਹੀਂ ਸੀ ਪਰ ਉਸ ਦੀਆਂ ਗਾਲ੍ਹਾਂ ਸਭ ਨੂੰ ਯਾਦ ਸਨ। ਉਸ ਨੇ ਕਿਹਾ, "ਤੁਸੀਂ ਪ੍ਰਵਚਨ ਸੁਣਨ ਨਹੀਂ ਸੀ ਆਏ, ਤੁਸੀਂ ਗਾਲ੍ਹਾਂ ਸੁਣਨ ਹੀ ਆਏ ਸੀ। ਜੇ ਤੁਸੀਂ ਪ੍ਰਵਚਨ ਸੁਣਿਆ ਹੁੰਦਾ, ਤਾਂ ਤੁਹਾਨੂੰ ਗਾਲ੍ਹਾਂ ਯਾਦ ਹੀ ਨਹੀਂ ਸਨ ਰਹਿਣੀਆਂ।" ਭੈੜੀਆਂ ਗੱਲਾਂ ਨੂੰ ਪਕੜਨ ਦੀ ਇਸ ਬਿਰਤੀ ਕਾਰਨ ਹੀ ਤਲਾਕ, ਵੈਰ-ਵਿਰੋਧ, ਝਗੜੇ ਅਤੇ ਮੁਕੱਦਮੇ ਉਪਜਦੇ ਹਨ ਅਤੇ ਸਾਡੀ ਚੰਗੇ ਬਣਨ ਦੀ ਸਾਰੀ ਸ਼ਕਤੀ ਅਜਾਈਂ ਹੀ ਚਲੀ ਜਾਂਦੀ ਹੈ। ਇਸ ਘੁੰਮਣਘੇਰੀ ਵਿਚੋਂ ਨਿਕਲਣਾ ਮੁਸ਼ਕਲ ਤਾਂ ਹੈ ਪਰ ਅਸੰਭਵ ਨਹੀਂ।

**1** ਬੁੱਧ ਨੇ ਸ਼ਰਧਾਲੂ ਲਈ ਕੀ ਕਿਹਾ ?

(ੳ) ਸਜ਼ਾ ਦੇਣ ਲਈ ☐ (ਅ) ਇਨਾਮ ਦੇਣ ਲਈ ☐

(ੲ) ਛੱਡ ਦੇਣ ਲਈ ☐ (ਸ) ਗਾਲ੍ਹਾਂ ਕੱਢਣ ਲਈ ☐

**2** ਸ਼ਰਧਾਲੂ ਦੇ ਸਵਾਲ ਕਿਹੋ ਜਿਹੇ ਸਨ ?

(ੳ) ਹੰਕਾਰ ਭਰੇ ☐ (ਅ) ਸਚਾਈ ਭਰੇ ☐

(ੲ) ਹਿੰਸਾਤਮਕ ☐ (ਸ) ਜੁਝਾਰੂ ☐

**3** ਝਗੜਿਆਂ ਦਾ ਮੂਲ ਕਾਰਨ ਕੀ ਹੈ ?

(ੳ) ਮਨੁੱਖ ਦੀ ਭੈੜੀ ਸੋਚ ☐ (ਅ) ਗੁਣ ☐

(ੲ) ਏਕਤਾ ☐ (ਸ) ਮਿਹਨਤ ☐

**4** ਹੇਠ ਲਿਖਿਆਂ ਵਿਚੋਂ ਕਿਹੜਾ ਸ਼ਬਦ ਅਗੇਤਰ ਤੋਂ ਨਹੀਂ ਬਣਿਆ ?

(ੳ) ਮਹਾਤਮਾ ☐ (ਅ) ਮੁਸ਼ਕਲ ☐

(ੲ) ਅਸੰਭਵ ☐ (ਸ) ਸਤਿਸੰਗ ☐

**5** ਪੈਰੇ ਦਾ ਢੁਕਵਾਂ ਸਿਰਲੇਖ ਦੱਸੋ।

(ੳ) ਮਹਾਤਮਾ ਬੁੱਧ ☐ (ਅ) ਸ਼ਰਧਾਲੂ ☐

(ੲ) ਨਫ਼ਰਤ ਤੇ ਪਿਆਰ ☐ (ਸ) ਮਨੁੱਖੀ ਸੋਚ ☐

## 2. ਹੇਠ ਲਿਖਿਆ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ– **(1x5=5)**

ਮਨੁੱਖ ਹੁਣ ਪੂਰੀ ਤਰ੍ਹਾਂ ਕੁਦਰਤ ਦਾ ਸੰਤੁਲਨ ਵਿਗਾੜਨ ਉੱਤੇ ਉਤਾਰੂ ਹੈ। ਰੁੱਖ ਅਤੇ ਜੰਗਲ ਜਿਹੜੇ ਆਕਸੀਜਨ ਦਾ ਸੋਮਾ ਹਨ, ਮਿੱਟੀ ਦੇ ਖ਼ੋਰੇ ਤੋਂ ਬਚਾਉ ਕਰਦੇ ਹਨ, ਬਰਸਾਤ ਦੇ ਸੁਆਗਤੀ ਹਨ, ਗਰਮੀ-ਠੰਢ ਤੋਂ ਧਰਤੀ ਅਤੇ ਜੀਵਾਂ ਦੀ ਢਾਲ ਬਣਦੇ ਹਨ, ਪ੍ਰਕਿਰਤੀ ਦਾ ਸ਼ੁਹਜ ਹਨ, ਜਿਨ੍ਹਾਂ ਨੂੰ ਇਕੱਲੇ ਮਨੁੱਖਾਂ ਦਾ ਹੀ ਨਹੀਂ, ਸਗੋਂ ਕਰੋੜਾਂ ਹੋਰਨਾਂ ਜੀਵਾਂ ਦਾ ਵੀ ਫ਼ਿਕਰ ਹੈ ਪਰੰਤੂ ਮਨੁੱਖ ਇਨ੍ਹਾਂ ਦੇ ਮਗਰ ਹੱਥ ਧੋ ਕੇ ਪੈ ਗਿਆ ਹੈ। ਇਹ ਸਮਝਦਾ ਹੈ ਕਿ ਕਾਗ਼ਜ਼ ਦੇ ਨੋਟਾਂ ਦੇ ਸਹਾਰੇ ਮੈਂ ਧਰਤੀ ਦਾ ਮਾਲਕ ਬਣ ਸਕਦਾ ਹਾਂ ਅਤੇ ਸਾਰੇ ਜੰਗਲ ਵੱਢ ਸਕਦਾ ਹਾਂ। ਉਹ ਕਾਗ਼ਜ਼ ਦੇ ਨੋਟ, ਜਿਹੜੇ ਬਣਾਉਣ ਲਈ ਇਸ ਨੇ ਜੰਗਲਾਂ ਤੋਂ ਹੀ ਲੱਕੜੀ ਅਤੇ ਘਾਹ-ਫੂਸ ਲਿਆ। ਉਹ ਕਾਗ਼ਜ਼ ਦੇ ਨੋਟ, ਜਿਨ੍ਹਾਂ ਨੂੰ ਛਾਪਣ ਵਾਲੀਆਂ ਮਸ਼ੀਨਾਂ ਬਣਾਉਣ ਲਈ ਧਰਤੀ ਨੇ ਇਸ ਨੂੰ ਆਪਣੇ ਸੀਨੇ ਵਿਚੋਂ ਲੋਹਾ ਕੱਢ ਕੇ ਦਿੱਤਾ, ਉਹ ਇਨ੍ਹਾਂ ਕਾਗ਼ਜ਼ ਦੇ ਟੁਕੜਿਆਂ ਦੇ ਸਿਰ 'ਤੇ ਕਿੰਨਾ ਚਿਰ ਹੋਰ ਜੀ ਸਕੇਗਾ। ਜੇ ਸਰਕਾਰਾਂ ਨੇ ਲੱਕੜੀ ਅਤੇ ਲੋਹੇ ਦਾ ਖ਼ਰੀਦ ਮੁੱਲ ਨਿਸਚਿਤ ਕਰ ਦਿੱਤਾ ਹੈ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਇਨ੍ਹਾਂ ਨੋਟਾਂ ਦੀ ਸ਼ਕਤੀ ਨਾਲ ਧਰਤੀ ਬਰਬਾਦ ਕਰਨ ਦਾ ਮਾਲਕੀ ਹੱਕ ਹਾਸਲ ਕੀਤਾ ਜਾ ਸਕਦਾ ਹੈ।

**1** ਰੁੱਖਾਂ ਤੋਂ ਕਿਹੜੀ ਗੈਸ ਮਿਲਦੀ ਹੈ ?

- (ੳ) ਆਕਸੀਜਨ ☐
- (ਅ) ਹਾਈਡਰੋਜਨ ☐
- (ੲ) ਕਾਰਬਨ-ਡਾਈਆਕਸਾਈਡ ☐
- (ਸ) ਨਾਈਟਰੋਜਨ ☐

**2** ਅਜੋਕਾ ਮਨੁੱਖ ਰੁੱਖਾਂ ਬਾਰੇ ਕੀ ਸੋਚਦਾ ਹੈ ?

- (ੳ) ਇਹ ਖ਼ੁਸ਼ਹਾਲੀ ਤੇ ਹਰਿਆਲੀ ਦਾ ਪ੍ਰਤੀਕ ਹਨ ☐
- (ਅ) ਇਹ ਜੀਵਨ-ਦਾਤਾ ਹਨ ☐
- (ੲ) ਇਹ ਪੂਜਣਯੋਗ ਹਨ ☐
- (ਸ) ਇਹ ਕੇਵਲ ਧਨ ਦਾ ਸੋਮਾ ਹੈ ☐

**3** ਕਾਗ਼ਜ਼ ਅਤੇ ਨੋਟ ਕਿਸ ਤੋਂ ਬਣਦੇ ਹਨ ?

- (ੳ) ਪੱਥਰਾਂ ਤੋਂ ☐
- (ਅ) ਰੁੱਖਾਂ ਦੇ ਪੱਤਿਆਂ ਤੋਂ ☐
- (ੲ) ਲੱਕੜ ਤੋਂ ☐
- (ਸ) ਪਾਣੀ ਤੋਂ ☐

**4** 'ਨੋਟਾਂ ਦੀ ਸ਼ਕਤੀ ਨਾਲ ਧਰਤੀ ਬਰਬਾਦ ਕਰਨ ਦਾ......' ਵਾਕ ਵਿਚ 'ਨੋਟਾਂ ਦੀ ਸ਼ਕਤੀ' ਤੋਂ ਕੀ ਭਾਵ ਹੈ ?

- (ੳ) ਰੁੱਖਾਂ ਦੇ ਲਾਭ ☐
- (ਅ) ਰੁੱਖਾਂ ਦਾ ਸਫ਼ਾਇਆ ☐
- (ੲ) ਅਮੀਰੀ ☐
- (ਸ) ਪੈਸੇ ਦੀ ਮਹਾਨਤਾ ☐

**5** ਪੈਰੇ ਦਾ ਢੁਕਵਾਂ ਸਿਰਲੇਖ ਦੱਸੋ।

- (ੳ) ਰੁੱਖ ਅਤੇ ਮਨੁੱਖ ☐
- (ਅ) ਪੈਸਾ ਅਤੇ ਕਾਗ਼ਜ਼ ☐
- (ੲ) ਰੁੱਖ ਅਤੇ ਜੰਗਲ ☐
- (ਸ) ਲਾਲਚੀ ਮਨੁੱਖ ☐

### ਜਾਂ

ਅੱਜ ਦਾ ਮਨੁੱਖ ਪੈਸੇ ਦੇ ਪਿੱਛੇ ਅੰਨ੍ਹੇਵਾਹ ਦੌੜੀ ਜਾ ਰਿਹਾ ਹੈ। ਪੰਜ ਰੁਪਏ ਮਿਲਣ ਤਾਂ ਦਸ, ਦਸ ਮਿਲਣ ਤਾਂ ਸੌ ਅਤੇ ਸੌ ਮਿਲਣ 'ਤੇ ਹਜ਼ਾਰ ਦੀ ਇੱਛਾ ਲਈ ਉਹ ਅੰਨ੍ਹੀ ਦੌੜ ਵਿਚ ਸ਼ਾਮਲ ਹੈ। ਇਸ ਦੌੜ ਦਾ ਕੋਈ ਅੰਤ ਹੀ ਨਹੀਂ। ਪੈਸੇ ਦੀ ਇਸ ਦੌੜ ਵਿਚ ਸਾਰੇ ਮਾਨਵੀ ਅਤੇ ਪਰਿਵਾਰਕ ਸਬੰਧ ਕਿਤੇ ਪਿੱਛੇ ਰਹਿ ਗਏ ਹਨ। ਮਨੁੱਖ ਆਪਣੇ-ਪਰਾਏ ਦੇ ਭੇਦ-ਭਾਵ ਨੂੰ ਭੁੱਲ ਹੀ ਗਿਆ ਹੈ। ਉਸ ਦੇ ਕੋਲ ਆਪਣੇ ਬੱਚਿਆਂ ਲਈ, ਆਪਣੀ ਪਤਨੀ ਲਈ ਵੀ ਕੋਈ ਸਮਾਂ ਨਹੀਂ ਹੈ। ਪੈਸੇ ਦੇ ਲਈ ਪੁੱਤਰ ਦਾ ਪਿਓ ਦੇ ਨਾਲ, ਧੀ ਦਾ ਮਾਂ ਨਾਲ ਅਤੇ ਪਤੀ ਦਾ ਪਤਨੀ ਨਾਲ ਝਗੜਾ ਹੋ ਰਿਹਾ ਹੈ। ਭਰਾ ਭਰਾ ਦੇ ਖ਼ੂਨ ਦਾ ਪਿਆਸਾ ਹੈ। ਪੈਸੇ ਲਈ ਲੋਭ ਮਨੁੱਖ ਨੂੰ ਕਈ ਤਰ੍ਹਾਂ ਦੇ ਘਿਨੌਣੇ ਅਪਰਾਧ ਕਰਨ ਲਈ ਉਕਸਾ ਰਿਹਾ ਹੈ। ਇਹ ਲੋਭ ਦਾ ਹੀ ਨਤੀਜਾ ਹੈ, ਥਾਂ-ਥਾਂ 'ਤੇ ਕਤਲ, ਲੁੱਟ-ਖਸੁੱਟ, ਅਪਹਰਨ ਅਤੇ ਚੋਰੀ, ਡਕੈਤੀ ਦੀਆਂ ਘਟਨਾਵਾਂ ਵਧ ਰਹੀਆਂ ਹਨ। ਇਸ ਰੋਗੀ ਮਾਨਸਿਕਤਾ ਨੂੰ ਬਦਲਣ ਦੇ ਲਈ ਸਾਨੂੰ ਹਰ ਪੱਧਰ 'ਤੇ ਜਤਨ ਕਰਨੇ ਹੋਣਗੇ।

**1** ਅੱਜ ਦਾ ਮਨੁੱਖ ਕਿਸ ਪਿੱਛੇ ਦੌੜ ਰਿਹਾ ਹੈ ?

- (ੳ) ਚੋਰ ☐
- (ਅ) ਸੱਚ-ਝੂਠ ☐
- (ੲ) ਪੈਸਾ ☐
- (ਸ) ਨਿਆਂ ☐

**2** ਉਪਰੋਕਤ ਦਿੱਤੀ ਗਈ ਦੌੜ ਵਿਚ ਕਿਹੜੇ ਸਬੰਧ ਪਿੱਛੇ ਰਹਿ ਗਏ ਹਨ ?

- (ੳ) ਅਮਾਨਵੀ ਅਤੇ ਪਰਿਵਾਰਕ ☐
- (ਅ) ਮਾਨਵੀ ਅਤੇ ਪਰਿਵਾਰਕ ☐
- (ੲ) ਸਮਾਜਕ ਅਤੇ ਪਰਿਵਾਰਕ ☐
- (ਸ) ਰਾਸ਼ਟਰੀ ਅਤੇ ਅੰਤਰਰਾਸ਼ਟਰੀ ☐

**3** ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਕੀ ਹੋ ਸਕਦਾ ਹੈ ?

- (ੳ) ਸੌ ਮੀਟਰ ਦੀ ਦੌੜ ☐
- (ਅ) ਟੁੱਟਦੇ ਰਿਸ਼ਤੇ ☐
- (ੲ) ਪੈਸੇ ਦੀ ਕੀਮਤ ☐
- (ਸ) ਪੈਸੇ ਦੀ ਅੰਨ੍ਹੀ ਦੌੜ ☐

4 ਉਪਰੋਕਤ ਪੈਰੇ ਵਿਚ ਸਹੀ ਸਮਾਸੀ ਸ਼ਬਦ ਕਿਹੜਾ ਹੈ ?

(ੳ) ਰੋਗੀ ਮਾਨਸਿਕਤਾ ☐ (ਅ) ਅੰਨ੍ਹੀ ਦੌੜ ☐

(ੲ) ਲੁੱਟ-ਖਸੁੱਟ ☐ (ਸ) ਆਪਣੇ ਬੱਚਿਆਂ ☐

5 ਪੈਸੇ ਦਾ ਲੋਭ ਮਨੁੱਖ ਤੋਂ ਕੀ ਕਰਵਾਉਂਦਾ ਹੈ ?

(ੳ) ਸਮਾਜ ਵਿਚ ਉੱਚਾ ਦਰਜਾ ☐ (ਅ) ਭਗਤੀ ☐

(ੲ) ਆਪਣਿਆਂ ਨਾਲ ਪਿਆਰ ☐ (ਸ) ਘਿਨੌਣੇ ਅਪਰਾਧ ☐

| | ਵਿਆਕਰਨ | 20 ਅੰਕ |
|---|---|---|
| 3. | ਹੇਠ ਦਿੱਤੇ **ਛੇ ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਦੇ ਉੱਤਰ ਦਿਓ— | 1x5=5 |
| (i) | **ਸਹੀ ਵਿਕਲਪ ਚੁਣੋ—** | 1 |
| | (ੳ) ਜੰਜ    (ਅ) ਜੰਞ | |
| | (ੲ) ਜੰਢ    (ਸ) ਇਹਨਾਂ ਵਿਚੋਂ ਕੋਈ ਨਹੀਂ | |
| (ii) | **ਸਹੀ ਵਿਕਲਪ** ਦੀ ਚੋਣ ਕਰੋ— | 1 |
| | (ੳ) ਗੜ੍ਹਵਾ    (ਅ) ਗਰਵਾ | |
| | (ੲ) ਗੜਬਾ    (ਸ) ਗਰਬਾ | |
| (iii) | **ਤੁਹਾਡੀ............ਕਿਵੇਂ** ਹੈ? ਵਾਕ ਵਿੱਚ ਖਾਲੀ ਥਾਂ ਲਈ ਸਹੀ ਵਿਕਲਪ ਚੁਣੋ— | 1 |
| | (ੳ) ਸੇਹਤ    (ਅ) ਸਿਹਤ | |
| | (ੲ) ਸੈਹਤ    (ਸ) ਇਹਨਾਂ ਵਿਚੋਂ ਕੋਈ ਨਹੀਂ। | |
| (iv) | **ਮੈਂ ਕਦੇ............................ਨਹੀਂ ਬੋਲਦਾ।** | 1 |
| | (ੳ) ਜੂਠ    (ਅ) ਝੂਟ | |
| | (ੲ) ਝੂਠ    (ਸ) ਝੂਅਠ | |
| (v) | **ਮੇਰੀ..................ਖਤਮ ਹੋ ਗਈ ਹੈ। ਮੈਂ ਕੀ ਕਰਾਂ?** | 1 |
| | (ੳ) ਪੂੰਜੀ    (ਅ) ਪੂੰਝੀ | |
| | (ੲ) ਪੁੰਜੀ    (ਸ) ਪੂਂਜੀ | |

| | | |
|---|---|---|
| (vi) | **ਬੱਚੇ............................ਵਿੱਚ ਬੈਠ ਕੇ ਸੈਰ ਕਰ ਰਹੇ ਹਨ।** | 1 |
| | (ੳ) ਬੱਗੀ (ਅ) ਬੱਘੀ | |
| | (ੲ) ਬਗੀ (ਸ) ਭੱਘੀ | |
| **4.** | ਹੇਠ ਦਿੱਤੇ **ਛੇ ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਦੇ ਸਹੀ ਵਿਕਲਪ ਲਿਖੋ— | **1x5=5** |
| (i) | **ਵਿਸਰਾਮ ਚਿੰਨ੍ਹ ਵਾਕਾਂ ਵਿੱਚ ਕਿਉਂ ਵਰਤੇ ਜਾਂਦੇ ਹਨ?** | 1 |
| | (ੳ) ਵਾਕਾਂ ਨੂੰ ਛੋਟਾ ਕਰਨ ਲਈ। (ਅ) ਵਾਕ ਨੂੰ ਠਹਿਰਾਓ ਦੇਣ ਲਈ। | |
| | (ੲ) ਵਾਕਾਂ ਨੂੰ ਸ਼ੁੱਧ ਕਰਨ ਲਈ। (ਸ) ਵਾਕ ਵਿਚਲੀ ਗੱਲ ਨੂੰ ਸਮਝਾਉਣ ਲਈ। | |
| (ii) | **ਜਿੰਨ੍ਹਾਂ ਵਾਕਾਂ ਵਿੱਚ ਖੁਸ਼ੀ, ਗਮੀ, ਹੈਰਾਨੀ ਆਦਿ ਦੇ ਭਾਵ ਪ੍ਰਗਟ ਹੋਣ, ਉਥੇ ਕਿਹੜਾ ਵਿਸਰਾਮ ਚਿੰਨ੍ਹ ਵਰਤਿਆ ਜਾਂਦਾ ਹੈ—** | 1 |
| | (ੳ) ਕਾਮਾ (ਅ) ਡੈਸ਼ | |
| | (ੲ) ਵਿਸਮਿਕ (ਸ) ਜੋੜਨੀ | |
| (iii) | **ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਰਤੋਂ ਵਾਲੇ ਵਿਸਰਾਮ ਚਿੰਨ੍ਹ ਵਾਲਾ ਵਿਕਲਪ ਚੁਣੋ—** | 1 |
| | (ੳ) ਅਧਿਆਪਕ ਨੇ ਕਿਹਾ ਬੱਚਿਓ ਅੱਜ, ਅਸੀਂ ਪਿਕਨਿਕ ਲਈ ਜਾਵਾਂਗੇ। | |
| | (ਅ) ਅਧਿਆਪਕ ਨੇ ਕਿਹਾ ! ਬੱਚਿਓ ਅੱਜ ਅਸੀਂ ਪਿਕਨਿਕ ਲਈ ਜਾਵਾਂਗੇ। | |
| | (ੲ) ਅਧਿਆਪਕ ਨੇ ਕਿਹਾ, "ਬੱਚਿਓ, ਅੱਜ ਅਸੀਂ ਪਿਕਨਿਕ ਲਈ ਜਾਵਾਂਗੇ।" | |
| | (ਸ) ਅਧਿਆਪਕ ਨੇ ਕਿਹਾ, "ਬੱਚਿਓ! ਅੱਜ ਅਸੀਂ ਪਿਕਨਿਕ ਲਈ ਜਾਵਾਂਗੇ।" | |
| (iv) | **ਵਿਸਰਾਮ ਚਿੰਨ੍ਹ ਭਾਸ਼ਾ ਵਿੱਚ ਕੀ ਲਿਆਉਂਦੇ ਹਨ?** | 1 |
| | (ੳ) ਅਸਪਸ਼ੱਟਤਾ (ਅ) ਹਲਕਾ ਪਨ | |
| | (ੲ) ਗੁੰਝਲ (ਸ) ਸਪੱਸ਼ਟਤਾ | |
| (v) | **ਹੇਠ ਦਿੱਤੇ ਚਿੰਨ੍ਹਾਂ ਵਿੱਚੋਂ ਦੁਬਿੰਦੀ ਡੈਸ਼ ਚਿੰਨ੍ਹ ਚੁਣੋ—** | 1 |
| | (ੳ) ; (ਅ) -: | |
| | (ੲ) :- (ਸ) ! | |
| (vi) | **ਇਸ ਚਿੰਨ੍ਹ ' ਦਾ ਕੀ ਨਾਂ ਹੈ?** | 1 |
| | (ੳ) ਕਾਮਾ (ਅ) ਛੁੱਟ ਮਰੋੜੀ | |
| | (ੲ) ਪੁੱਠੇ ਕਾਮੇ (ਸ) ਇਹਨਾਂ ਵਿਚੋਂ ਕੋਈ ਨਹੀਂ | |
| **5.** | ਹੇਠ ਦਿੱਤੇ **ਛੇ ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਦੇ ਸਹੀ ਵਿਕਲਪ ਲਿਖੋ— | **1x5=5** |
| (i) | **ਸ਼ੁੱਧ ਵਾਕ ਚੁਣੋ—** | 1 |
| | (ੳ) ਮੈਂ ਉੱਠਦਾ ਹਾਂ ਰੋਜ਼ ਦੇਰ ਨਾਲ। (ਅ) ਸਦਾ ਬੋਲੋ ਸੱਚ। | |

| | | |
|---|---|---|
| | (ਇ) ਬੰਦਾ ਉਮੀਦ ਦੇ ਸਹਾਰੇ ਜਿਉਂਦਾ ਹੈ। (ਸ) ਵਿਆਹ ਦਾ ਸੱਦਾ ਆਇਆ ਹੈ ਮੈਨੂੰ। | |
| **(ii)** | **ਅਸ਼ੁੱਧ ਵਾਕ ਚੁਣੋ—** | 1 |
| | (ੳ) ਕਮਰਾ ਚੰਗੀ ਤਰ੍ਹਾਂ ਸਾਫ਼ ਕਰੋ। (ਅ) ਬੱਚਾ ਸਕੂਲ ਜਾ ਰਿਹਾ ਹੈ। | |
| | (ੲ) ਗਾਂ ਦੇਂਦੀ ਹੈ ਦੁੱਧ ਮਿੱਠਾ। (ਸ) ਮੈਂ ਸਦਾ ਸੱਚ ਬੋਲਦਾ ਹਾਂ। | |
| **(iii)** | **ਅਸ਼ੁੱਧ ਵਾਕ ਚੁਣੋ—** | 1 |
| | (ੳ) ਜੰਗ ਹਮੇਸ਼ਾ ਹੀ ਮਾੜੀ ਹੁੰਦੀ ਹੈ। (ਅ) ਤੁਸੀਂ ਕਦੋਂ ਆ ਰਹੇ ਹੋ? | |
| | (ੲ) ਦਰਵਾਜ਼ਾ ਕਰੋ ਬੰਦ ਜਲਦੀ। (ਸ) ਉਸ ਨੇ ਬਹੁਤ ਗੀਤ ਲਿਖੇ ਨੇ। | |
| **(iv)** | **ਵਾਕ ਵਿਚਲੀਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਕਿਹੜੀ ਜਾਣਕਾਰੀ ਹੋਣੀ ਚਾਹੀਦੀ ਹੈ?** | 1 |
| | (ੳ) ਸ਼ੁੱਧ ਸ਼ਬਦਾਂ ਦੀ (ਅ) ਸਾਰਥਕ ਸ਼ਬਦਾਂ ਦੀ | |
| | (ੲ) ਨਿਰਾਰਥਕ ਸ਼ਬਦਾਂ ਦੀ (ਸ) ਵਾਕ ਸ਼ੁੱਧੀ ਦੇ ਨੇਮਾਂ ਦੀ | |
| **(v)** | **ਲੋਕਾਂ ਨੂੰ ਬਹਿਮਾਂ-ਭਰਮਾਂ ਵਿੱਚ ਨਹੀਂ ਪੈਨਾ ਚਾਹੀਦਾ। ਵਾਕ ਦੀ ਤਰੁੱਟੀ ਦਾ ਕਾਰਨ ਹੈ?** | 1 |
| | (ੳ) ਮੇਲ ਦੀਆਂ (ਅ) ਅਧਿਕਾਰ ਦੀਆਂ | |
| | (ੲ) ਸ਼ਬਦ ਜੋੜਾਂ ਦੀਆਂ (ਸ) ਤਰਤੀਬ ਦੀਆਂ | |
| **(vi)** | **ਮੈਂ ਸ਼ਹਿਰਾਂ ਵਿੱਚ ਰਹਿੰਦਾ ਹਾਂ। ਵਾਕ ਦੀ ਤਰੁੱਟੀ ਦਾ ਕਾਰਨ ਦੱਸੋ?** | 1 |
| | (ੳ) ਅਧਿਕਾਰ ਦੀਆਂ (ਅ) ਮੇਲ ਦੀਆਂ | |
| | (ੲ) ਤਰਤੀਬ ਦੀਆਂ (ਸ) ਸ਼ਬਦ ਜੋੜਾਂ ਦੀਆਂ | |
| **6.** | ਹੇਠ ਦਿੱਤੇ **ਛੇ ਪ੍ਰਸ਼ਨਾਂ** ਵਿੱਚੋਂ **ਕੋਈ ਪੰਜ** ਦੇ ਸਹੀ ਵਿਕਲਪ ਲਿਖੋ— | **1x5=5** |
| **(i)** | **ਮੁਹਾਵਰਾ ਕੀ ਹੁੰਦਾ ਹੈ? ਸਹੀ ਵਿਕਲਪ ਚੁਣੋ—** | 1 |
| | (ੳ) ਵਾਕ (ਅ) ਸ਼ਬਦ ਸਮੂਹ | |
| | (ੲ) ਕਿਰਿਆ (ਸ) ਸ਼ਬਦ | |
| **(ii)** | **ਮੁਹਾਵਰੇ ਦੇ ਕਿਹੜੇ ਅਰਥ ਲਏ ਜਾਂਦੇ ਹਨ—** | 1 |
| | (ੳ) ਸ਼ਾਬਦਿਕ ਅਰਥ (ਅ) ਆਮ ਅਰਥ | |
| | (ੲ) ਭਾਵਾਰਥ (ਸ) ਪ੍ਰਭਾਵ | |
| **(iii)** | **'ਠੰਢੀਆਂ ਛਾਵਾਂ ਮਾਣਨਾ' ਮੁਹਾਵਰੇ ਦੇ ਸਹੀ ਅਰਥ ਹਨ—** | 1 |
| | (ੳ) ਠੰਢ ਲੱਗਣੀ (ਅ) ਠੰਢੀ ਹਵਾ ਮਿਲਣੀ | |
| | (ੲ) ਸੁੱਖ ਲੈਣਾ (ਸ) ਠੰਢੀ ਛਾਂ ਵਿੱਚ ਬਹਿਣਾ | |
| **(iv)** | **'ਦਸਾਂ...........ਦੀ ਕਿਰਤ ਕਰਨਾ' ਮੁਹਾਵਰਾ ਪੂਰਾ ਕਰੋ—** | 1 |
| | (ੳ) ਪੈਰਾਂ (ਅ ਉਂਗਲਾਂ | |
| | (ੲ) ਨਹੁੰਆਂ (ਸ) ਬੰਦਿਆਂ | |

| | | |
|---|---|---|
| (v) | **'ਬਹੁਤ ਭੁੱਖ ਲੱਗਣੀ'** ਅਰਥ ਨੂੰ ਸਪਸ਼ੱਟ ਕਰਦਾ ਮੁਹਾਵਰਾ ਚੁਣੋ—<br>(ੳ) ਢਿੱਡ ਵਿੱਚ ਕੀੜੇ ਟੱਪਣੇ (ਅ) ਢਿੱਡ ਵਿੱਚ ਚੂਹੇ ਨੱਚਣੇ<br>(ੲ) ਢਿੱਡ ਵਿੱਚ ਵੱਟ ਪੈਣੇ (ਸ) ਇਹਨਾਂ ਵਿੱਚੋਂ ਕੋਈ ਨਹੀਂ | 1 |
| (vi) | ..............**ਵਿੱਚ ਦਮ ਕਰਨਾ।** ਮੁਹਾਵਰਾ ਪੂਰਾ ਕਰੋ—<br>(ੳ) ਕੰਨ (ਅ) ਘਰ<br>(ੲ) ਨੱਕ (ਸ) ਹੱਥ | 1 |
| | **ਪਾਠ ਪੁਸਤਕਾਂ ਤੇ ਅਧਾਰਿਤ** | 10 ਅੰਕ |
| **7.** | ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ— | **1x3=3** |
| (i) | **'ਕੰਬਦੀ ਕਲਾਈ'** ਕਵਿਤਾ ਦਾ ਕਵੀ ਕੌਣ ਹੈ?<br>(ੳ) ਪ੍ਰੋ. ਮੋਹਨ ਸਿੰਘ (ਅ) ਧਨੀ ਰਾਮ ਚਾਤ੍ਰਿਕ<br>(ੲ) ਭਾਈ ਵੀਰ ਸਿੰਘ (ਸ) ਸੁਰਜੀਤ ਪਾਤਰ | 1 |
| (ii) | **'ਧਨੀ ਰਾਮ ਚਾਤ੍ਰਿਕ'** ਦੀ ਕਿਹੜੀ ਰਚਨਾ ਤੁਹਾਡੀ ਪਾਠ ਪੁਸਤਕ ਵਿੱਚ ਸ਼ਾਮਲ ਹੈ?<br>(ੳ) ਵਿਸਾਖੀ ਦਾ ਮੇਲਾ (ਅ) ਜਰਗ ਦਾ ਮੇਲਾ<br>(ੲ) ਛਪਾਰ ਦਾ ਮੇਲਾ (ਸ) ਇਹਨਾਂ ਵਿਚੋਂ ਕੋਈ ਨਹੀਂ | 1 |
| (iii) | **ਤਾਜ ਮਹਲ ਕਿਹੜੀ ਨਦੀ ਦੇ ਕਿਨਾਰੇ ਸਥਿਤ ਹੈ?**<br>(ੳ) ਗੰਗਾ (ਅ) ਗੋਦਾਵਰੀ<br>(ੲ) ਜਮਨਾ (ਸ) ਸਰਸਵਤੀ | 1 |
| **8.** | ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ— | **1x4=4** |
| (i) | **'ਸਤਿੰਦਰ ਨਾਥ'** ਕਿਹੜੀ ਕਹਾਣੀ ਦਾ ਮੁੱਖ ਪਾਤਰ ਹੈ?<br>(ੳ) ਰੋਲ ਨੰਬਰ (ਅ) ਆਪਣਾ-ਆਪਣਾ ਹਿੱਸਾ<br>(ੲ) ਤਿੰਨ ਦਿਨ ਦਾ ਬੇਈਮਾਨ (ਸ) ਮਾਂ ਦਾ ਲਾਡਲਾ | 1 |
| (ii) | **'ਤੀਜੀ ਗੱਲ'** ਕਹਾਣੀ ਦੇ ਮੁੱਖ ਪਾਤਰ ਦੀਨਾ ਨਾਥ ਕਿਹੜੇ ਮਹਿਕਮੇ ਤੋਂ ਰਿਟਾਇਰ ਹੋਏ ਸਨ?<br>(ੳ) ਪੁਲਿਸ (ਅ) ਸਿੱਖਿਆ<br>(ੲ) ਡਾਕਟਰੀ (ਸ) ਫੌਜ਼ | 1 |
| (iii) | **ਬੱਚਾ ਪਲਟਨ ਵਿੱਚ ਕਿਸ ਨੂੰ ਭੇਜਿਆ ਗਿਆ ਸੀ?**<br>(ੳ) ਜੀਵਨ (ਅ) ਬਿਸ਼ਨਾ | 1 |

(ੲ) ਜੀਤਾ (ਸ) ਸਤੀਸ਼

**(iv)** **'ਆਪਣਾ-ਆਪਣਾ ਹਿੱਸਾ'** ਕਹਾਣੀ ਵਿੱਚ ਕਿਸ ਹਿੱਸੇ ਦੀ ਗੱਲ ਕੀਤੀ ਗਈ ਹੈ? — 1

(ੳ) ਜਾਇਦਾਦ ਦੀ (ਅ) ਫਸਲ ਦੀ

(ੲ) ਮਾਂ ਦੇ ਮਰਨ ਦੇ ਖਰਚ ਦੀ (ਸ) ਪਿਉ ਦੇ ਮਰਨ ਦੇ ਖਰਚ ਦੀ

**9.** ਹਦਾਇਤ ਅਨੁਸਾਰ ਪ੍ਰਸ਼ਨਾਂ ਦੇ ਉੱਤਰ ਚੁਣੋ— **1x3=3**

**(i)** **ਘੋਗੇ ਨੂੰ ਚਾਂਦੀ ਦਾ ਪੈੱਨ ਕੌਣ ਦਿੰਦਾ ਹੈ?** — 1

(ੳ) ਮਾਂ (ਅ) ਵਿਗਿਆਨ ਅਧਿਆਪਕ

(ੲ) ਚੰਦਰਪਰੀ (ਸ) ਇਕਬਾਲ

**(ii)** **'ਸੋਨ-ਕਾਟੋ'** ਕਿਹੜਾ ਜਾਨਵਰ ਹੈ? — 1

(ੳ) ਛਿਪਕਲੀ (ਅ) ਚਿੜੀ

(ੲ) ਕੱਛੂਕੁੰਮਾ (ਸ) ਗਿਲਹਿਰੀ

**(iii)** **ਘੋਗਾ ਸਕੂਲ ਕਿਉਂ ਨਹੀਂ ਜਾਣਾ ਚਾਹੁੰਦਾ?** — 1

(ੳ) ਫੀਸ ਨਾ ਭਰੀ ਹੋਣ ਕਰਕੇ (ਅ) ਸਕੂਲ ਦੀ ਵਰਦੀ ਸਾਫ਼ ਨਾ ਹੋਣ ਕਰਕੇ

(ੲ) ਸਕੂਲ ਦਾ ਕੰਮ ਪੂਰਾ ਨਾ ਹੋਣ ਕਰਕੇ (ਸ) ਨੀਂਦ ਪੂਰੀ ਨਾ ਹੋਣ ਕਰਕੇ

## ਭਾਗ ਅ

## ਵਰਣਾਨਤਮਕ ਪ੍ਰਸ਼ਨ — 22+8=30

### ਪਾਠ ਪੁਸਤਕਾਂ ਤੇ ਅਧਾਰਿਤ

**10.** ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਕੋਈ ਚਾਰ** ਪ੍ਰਸ਼ਨਾਂ ਦੇ ਉੱਤਰ 20-25 **ਸ਼ਬਦਾਂ** ਵਿੱਚ ਲਿਖੋ— **2x4=8**

(ੳ) 'ਤੀਜੀ ਗੱਲ' ਕਹਾਣੀ ਵਿੱਚ ਕਿਹੜੀਆਂ ਤਿੰਨ ਗੱਲਾਂ ਦਾ ਜ਼ਿਕਰ ਕੀਤਾ ਗਿਆ ਹੈ?

(ਅ) 'ਵਹਿੰਗੀ' ਕਹਾਣੀ ਦਾ ਉਦੇਸ਼ ਕੀ ਹੈ?

(ੲ) ਬਚਨੋ ਦੇ ਪਰਿਵਾਰ ਬਾਰੇ ਜਾਣਕਾਰੀ ਦਿਓ?

(ਸ) 'ਤਿੰਨ ਦਿਨ ਦਾ ਬੇਈਮਾਨ' ਕਹਾਣੀ ਕਿਸ ਮੁੱਖ ਸਮੱਸਿਆ ਨਾਲ ਸੰਬੰਧਤ ਹੈ?

(ਹ) 'ਮੱਝ ਚੋਣ ਲੱਗੇ ਘੁੱਦੂ ਨੂੰ ਬਚਨੋਂ ਨੇ ਕਿਹੜੀ ਗੱਲ ਦੱਸੀ?

(ਕ) ਦੀਨਾਨਾਥ ਕਿਸ ਅਹੁਦੇ ਤੋਂ ਸੇਵਾ ਮੁਕਤ ਹੋਏ? ਉਸਦਾ ਕਿਸ ਵਿਭਾਗ ਨਾਲ ਝਗੜਾ ਸੀ?

**11.** ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਕਿਸੇ ਤਿੰਨ** ਪ੍ਰਸ਼ਨਾਂ ਦੇ ਉੱਤਰ 40-50 **ਸ਼ਬਦਾਂ** ਵਿੱਚ ਲਿਖੋ— **3x3=9**

(ੳ) ਗੁਆਚਿਆ ਮੁੰਡਾ ਨਾਵਲ ਦੇ ਵਿਸ਼ੇ ਬਾਰੇ ਜਾਣਕਾਰੀ ਦਿਓ।

| | | |
|---|---|---|
| | (ਅ) ਘੋਗਾ ਕਿਹੋ ਜਿਹਾ ਪਾਤਰ ਹੈ?<br>(ੲ) ਇਕਬਾਲ ਕੌਣ ਹੈ ਤੇ ਉਸ ਦਾ ਗੁਆਚਿਆ ਮੁੰਡਾ ਨਾਵਲ ਵਿੱਚ ਕੀ ਰੋਲ ਹੈ?<br>(ਸ) ਵਿਗਿਆਨੀ ਬਾਬਾ ਜੀ ਨੇ ਘੋਗੇ ਦੀ ਸੋਚ ਨੂੰ ਕਿਵੇਂ ਬਦਲਿਆ? | |
| **12.** | **ਕਿਸੇ ਇੱਕ** ਕਾਵਿ ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ– | **1x5=5** |
| | ਦੁੱਧ-ਚਿੱਟੀਆਂ ਰੰਗਦਾਰ ਮਰਮਰਾ,<br>ਦੇ ਗਲ ਘੱਤ ਕੇ ਬਾਹੀਂ,<br>ਸੁਹਲ ਪਤਲੀਆਂ ਚੰਨ ਦੀਆਂ ਰਿਸ਼ਮਾਂ,<br>ਸੁੱਤੀਆਂ ਬੇਪਰਵਾਹੀਂ।<br>ਬਿਰਛਾਂ ਬੂਟਿਆਂ ਦੇ ਪਰਛਾਵੇਂ<br>ਨਸ਼ਿਆਂ ਨਾਲ ਗੜੂੰਦੇ,<br>ਘਾਹ ਦੇ ਸੁਹਲ ਸੀਨਿਆਂ ਉਤੇ,<br>ਸਵਾਦ ਸਵਾਦ ਹੋ ਊਂਘੇ। | |
| | **ਜਾਂ** | |
| | ਚਤਰਮੁਖ ਬ੍ਰਹਮਾ ਨੇ ਦੁਨੀਆਂ ਬਣਾਈ<br>ਉਹਨੇ ਦੁਖ ਬਣਾਏ ਸਹਿਸਭੁਜ<br>ਉਹਨਾਂ ਸੰਗ ਲੜਣ ਲਈ<br>ਇਕ ਦੇਵੀ ਅਸ਼ਟਭੁਜੀ ਹੈ<br>ਪਰ ਧੀ ਤਾਂ ਹੈ ਇੱਕ ਮਨੁੱਖ<br>ਉਹ ਵੀ ਅੱਧੀ ਮਸਾਂ ਪੌਣੀ<br>ਉਹ ਦੁੱਖਾਂ ਸੰਗ ਲੜਦੀ ਨਹੀਂ<br>ਦੁਖ ਚੁੱਕਦੀ ਹੈ,<br>ਧਰਤੀ ਦੇ ਹੇਠਾਂ ਕਦੇ ਧੌਲ ਸੀ<br>ਕਦੇ ਧਰਮ ਸੀ ਹੁਣ ਮੇਰੀ ਧੀ ਹੈ। | |
| **13.** | ਗੁਰਮਤਿ ਕਾਵਿ ਅਤੇ ਉਸ ਦੇ ਕਵੀਆਂ ਬਾਰੇ **150 ਤੋਂ 200 ਸ਼ਬਦਾਂ** ਵਿੱਚ ਲਿਖੋ। | **1x8=8** |
| | **ਜਾਂ** | |
| | | |

| | | |
|---|---|---|
| | ਸੂਫੀ ਕਾਵਿ ਦੇ ਨਿਕਾਸ ਤੇ ਵਿਕਾਸ ਬਾਰੇ **150 ਤੋਂ 200 ਸ਼ਬਦਾਂ** ਵਿੱਚ ਜਾਣ ਪਛਾਣ ਕਰਾਓ । | |
| | **ਪ੍ਰਭਾਵਸ਼ਾਲੀ ਲਿਖਣ ਕੌਸ਼ਲ** | |
| **14.** | **ਕਿਸੇ ਇਕ** ਵਿਸ਼ੇ ਤੇ 100 ਤੋਂ 150 ਸ਼ਬਦਾਂ ਦਾ ਲੇਖ ਲਿਖੋ— | **1x5=5** |
| **(ੳ)** | ਕਰੋਨਾ ਵਾਇਰਸ ਦਾ ਜੀਵਨ ਤੇ ਪ੍ਰਭਾਵ | |
| | **ਜਾਂ** | |
| **(ਅ)** | ਮਨਿ ਜੀਤੇ ਜਗਿ ਜੀਤ | |
| | **ਜਾਂ** | |
| **(ੲ)** | ਕਿੱਤਾ ਮੁਖੀ ਸਿੱਖਿਆ ਦੀ ਲੋੜ | |
| **15.** | ਆਪਣੇ ਇਲਾਕੇ ਦੇ ਬਜ਼ੁਰਗਾਂ ਲਈ ਇਕ ਕਲੱਬ ਖੋਲ੍ਹਣ ਦੀ ਅਪੀਲ ਨੂੰ ਪੰਜਾਬੀ ਅਖ਼ਬਾਰ ਵਿੱਚ ਛਪਵਾਉਣ ਲਈ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। | **5** |
| | **ਜਾਂ** | |
| | ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ, ਜਿਸ ਵਿਚ ਨਿੱਤ ਵਰਤੋਂ ਦੀਆਂ ਚੀਜਾਂ ਦੀਆਂ ਕੀਮਤਾਂ ਵਿੱਚ ਵਾਧੇ ਬਾਰੇ ਚਿੰਤਾ ਪ੍ਰਗਟ ਕਰੋ। | |